ਪੰਜਾਬ ਸਰਕਾਰ
**ਰਾਸ਼ਟਰੀ ਸਿਹਤ ਮਿਸ਼ਨ**
**ਸਿਹਤ ਤੇ ਪਰਿਵਾਰ ਭਲਾਈ ਵਿਭਾਗ**
ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38-ਬੀ ਚੰਡੀਗੜ, 160036
**Phone.** 0172-4012011, 4012012, **Fax:** 0172-4012013

ਰ.ਸ.ਮ./ਪੰ./22/ ਸੀ.ਐਚ.ਆਰ/82389 ਮਿਤੀ:- 5/4/2022

ਵੱਲ

ਸਮੂਹ ਸਿਵਲ ਸਰਜਨ
ਪੰਜਾਬ।

**ਵਿਸ਼ਾ:- ਮੁੱਖ ਦਫਤਰ ਐਨ.ਐਚ.ਐਮ. ਪੰਜਾਬ ਵਿਖੇ ਕਰਮਚਾਰੀਆਂ ਦੇ ਆਊਣ ਸਬੰਧੀ।**

ਵਿਸ਼ੇ ਸਬੰਧੀ ਇਹ ਦੇਖਣ ਵਿਚ ਆਇਆ ਹੈ ਕਿ ਜਿਲਿਆਂ ਵਿਚ ਤੈਨਾਤ ਕਰਮਚਾਰੀ ਆਪਣੇ ਦਫਤਰੀ ਕੰਮਾਂ ਲਈ ਬਿਨਾਂ ਆਪ ਦੀ ਜਾਣਕਾਰੀ ਤੋਂ ਇਸ ਦਫਤਰ ਵਿਚ ਆਉਂਦੇ ਹਨ। ਜਿਹੜੇ ਕੰਮ ਆਪ ਦੇ ਪੱਧਰ ਤੇ ਹੋ ਸਕਦੇ ਹਨ, ਉਹਨਾਂ ਕੰਮਾਂ ਲਈ ਵੀ ਕਰਮਚਾਰੀ ਉੱਚ ਅਧਿਕਾਰੀਆਂ ਅੱਗੇ ਪੇਸ਼ ਹੁੰਦੇ ਹਨ। ਪੰਜਾਬ ਸਰਕਾਰ ਵੱਲੋਂ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਕਰਮਚਾਰੀ ਆਪਣੇ ਸਟੇਸ਼ਨ ਤੇ ਉਪਲੱਬਧ ਰਹਿਣ ਤਾਂ ਕਿ ਦਫਤਰੀ ਕੰਮ ਅਤੇ ਆਮ ਲੋਕਾਂ ਨੂੰ ਪ੍ਰੇਸ਼ਾਨੀ ਨਾ ਹੋ ਸਕੇ। ਇਸ ਲਈ ਆਪ ਵੱਲੋਂ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਏ ਜਾਵੇ:-

1. ਜਿਹੜੇ ਦਫਤਰੀ ਕੰਮਾਂ ਲਈ ਸਿਵਲ ਸਰਜਨ ਸਹਿਬਾਨਾਂ ਨੂੰ ਅਧਿਕਾਰ ਦਿੱਤੇ ਗਏ ਹਨ, ਉਹਨਾਂ ਕੰਮਾਂ ਲਈ ਕਰਮਚਾਰੀਆਂ ਨੂੰ ਮੁੱਖ ਦਫਤਰ ਵਿਚ ਨਾ ਭੇਜਿਆ ਜਾਵੇ।
2. ਬਦਲੀਆਂ ਦੀਆਂ ਪ੍ਰਤੀਬੇਨਤੀਆਂ ਆਪ ਵੱਲੋਂ ਤਸਦੀਕ ਕਰਨ ਉਪਰੰਤ ਹੀ ਇਸ ਦਫਤਰ ਨੂੰ ਭੇਜੀਆਂ ਜਾਣ। ਕਰਮਚਾਰੀਆਂ ਵੱਲੋਂ ਬਿਨਾਂ ਤਸਦੀਕ ਕਰਵਾਏ ਸਿੱਧੇ ਇਸ ਦਫਤਰ ਵਿਚ ਦਿੱਤੀਆਂ ਪ੍ਰਤੀਬੇਨਤੀਆਂ ਨਹੀਂ ਵਿਚਾਰੀਆਂ ਜਾਣਗੀਆਂ। ਇਸ ਸਬੰਧੀ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਜਾਣੂ ਕਰਵਾ ਦਿੱਤਾ ਜਾਵੇ ਜੀ।

**ਕਰਮਚਾਰੀਆਂ ਦੀ ਹਾਜ਼ਰੀ ਆਪਣੇ ਸਟੇਸ਼ਨ ਸੁਨਿਸ਼ਚਿਤ ਕਰਨ ਅਤੇ ਮੁੱਖ ਦਫਤਰ ਵਿਚ ਕਰਮਚਾਰੀਆਂ ਦੀ ਆਮਦ ਸੀਮਤ ਕਰਨ ਲਈ ਉਕਤ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ।**

5.4.22
**ਡਾਇਰੈਕਟਰ**
**ਐਨ.ਐਚ.ਐਮ. ਪੰਜਾਬ।**

ਪਿੰਠ ਅੰਕਣ ਨੰ. ਰ.ਸ.ਮ./ਪੰ./22/ ਸੀ.ਐਚ.ਆਰ/82390-91 ਮਿਤੀ- 5/4/2022

ਉਪਰੋਕਤ ਦਾ ਉਤਾਰਾ:-

3. ਨਿੱਜੀ ਸਹਾਇਕ, ਐਮ.ਡੀ. ਐਨ.ਐਚ.ਐਮ. ਨੂੰ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ।
4. ਸਮੂਹ ਪ੍ਰੋਗਰਾਮ ਅਫਸਰ/ਕੰਨਸਟੈਂਟ/ਮੈਨੇਜਰ ਐਨ.ਐਚ.ਐਮ. ਪੰਜਾਬ।

5.4.22
**ਡਾਇਰੈਕਟਰ**
**ਐਨ.ਐਚ.ਐਮ. ਪੰਜਾਬ।**